ਨਿਊਜ਼ ਰਿਲੀਜ਼

# ਨਸਲਵਾਦ ਵਿਰੁੱਧ ਐਲਬਰਟਾ ਨਿਵਾਸੀਆਂ ਨਾਲ ਆਦਾਨ-ਪ੍ਰਦਾਨ ਕਰਨਾਂ

22 ਸਤੰਬਰ 2022 ਮੀਡੀਆ ਇਨਕੁਆਰੀਆਂ

## ਐਲਬਰਟਾ ਨਿਵਾਸੀ ਨਸਲਵਾਦ ਨਾਲ ਨਿਪਟਣ ਅਤੇ ਵਧੇਰੇ ਸੰਮਿਲਤ ਸੂਬੇ ਦੀ ਉਸਾਰੀ ਕਰਨ ਵਾਸਤੇ ਸਰਕਾਰ ਦੀਆਂ ਕਾਰਵਾਈਆਂ ਨੂੰ ਜਾਣਕਾਰੀ ਦੇਣ ਦੁਆਰਾ, ਇਸ 'ਚ ਮਦਦ ਕਰ ਸਕਦੇ ਹਨ।

ਜਦੋਂ ਕਿ ਸੂਬੇ ਦੀ ਵੱਸੋਂ ਵਧਦੇ ਜਾਣਾ ਅਤੇ ਵਧੇਰੇ ਵਿਭਿੰਨ ਹੁੰਦੇ ਜਾਣਾ ਜਾਰੀ ਰੱਖ ਰਹੀ ਹੈ, ਐਲਬਰਟਾ ਦੀ ਸਰਕਾਰ ਨਸਲੀ ਪਛਾਣ ਵਾਲੇ ਵਿਅਕਤੀਆਂ, ਮੂਲਵਾਸੀ ਲੋਕਾਂ ਅਤੇ ਹੋਰ ਲੋਕ ਜਿਹੜੇ ਸਿਸਟਮੀ ਰੁਕਾਵਟਾਂ ਦੇ ਦਰਪੇਸ਼ ਹੋ ਸਕਦੇ ਹਨ, ਉਨ੍ਹਾਂ ਸਮੇਤ ਐਲਬਰਟਾ ਦੇ ਸਾਰੇ ਲੋਕਾਂ ਨੂੰ ਸੁਣਨ ਅਤੇ ਉਨ੍ਹਾਂ ਦੇ ਅਨੁਭਵਾਂ ਬਾਰੇ ਜਾਣਨ ਲਈ ਪ੍ਰਤਿਬਧ ਹੈ।

"ਮੈਨੂੰ ਆਪਣੇ ਸੂਬੇ 'ਚ ਹਰ ਪ੍ਰਕਾਰ ਦੇ ਨਸਲਵਾਦ ਵਿਰੁੱਧ ਲੜਨ ਲਈ ਚਾਲੂ ਪੱਧਰ 'ਤੇ ਕੀਤੇ ਜਾ ਰਹੇ ਕੰਮ ਉੱਪਰ ਮਾਣ ਹੈ। ਉਨ੍ਹਾਂ ਕਮਿਊਨਿਟੀਆਂ ਅਤੇ ਗਰੁੱਪਾਂ ਨਾਲ, ਜਿਹੜੇ ਨਸਲਵਾਦ ਦਾ ਸ਼ਿਕਾਰ ਹੁੰਦੇ ਰਹੇ ਹਨ, ਲਗਾਤਾਰ ਪ੍ਰਸਪਰ ਸੰਪਰਕ ਦੁਆਰਾ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਐਲਬਰਟਾ ਹਰ ਇਕ ਵਾਸਤੇ ਘਰ ਕਹੇ ਜਾਣ ਲਈ ਇਕ ਸੁਰੱਖਿਅਤ ਜਗਹ ਹੈ। ਅਸੀਂ ਜੀਵਨ ਦੇ ਹਰ ਖੇਤਰ 'ਚੋਂ ਐਲਬਰਟਾ ਨਿਵਾਸੀਆਂ ਨੂੰ ਆਪਣੀ ਰਾਇ ਦੇਣ ਵਾਸਤੇ ਸੱਦਾ ਦੇ ਰਹੇ ਹਾਂ ਤਾਂ ਕਿ ਸਾਡੀਆਂ ਕਾਰਵਾਈਆਂ ਉਨ੍ਹਾਂ ਲੋਕਾਂ ਦੀ ਸਹਾਇਤਾ ਕਰਨ ਲਈ ਅਸਰਦਾਰ ਅਤੇ ਅਰਥਪੂਰਨ ਹੋ ਸਕਣ, ਜਿੰਨ੍ਹਾਂ ਨੇ ਸਾਡੇ ਸੂਬੇ 'ਚ ਨਸਲਵਾਦ ਅਤੇ ਵਿਤਕਰੇ ਦਾ ਸਾਹਮਣਾ ਕੀਤਾ ਹੈ।"

*Muhammad Yaseen, ਐਸੋਸੀਏਟ ਮਿਨਿਸਟਰ ਆਫ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ*

ਸਾਰੇ ਐਲਬਰਟਾ ਨਿਵਾਸੀਆਂ ਨੂੰ 21 ਅਕਤੂਬਰ ਤੋਂ ਪਹਿਲਾਂ ਪਹਿਲਾਂ ਇਕ ਆਨਲਾਈਨ ਸਰਵੇਖਣ ਭਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਉਹ ਇਸ ਸੂਬੇ 'ਚ ਨਸਲਵਾਦ ਦਾ ਜੋ ਪ੍ਰਭਾਵ ਹੈ ਉਸ ਬਾਰੇ ਅਤੇ ਨਸਲਵਾਦ ਨਾਲ ਨਿਪਟਣ ਲਈ ਸਰਕਾਰ ਦੀਆਂ ਭਵਿੱਖ ਦੀਆਂ ਕਾਰਵਾਈਆਂ ਬਾਰੇ ਆਪਣੇ ਦ੍ਰਿਸ਼ਟੀਕੋਣ ਸਾਂਝੇ ਕਰ ਸਕਦੇ ਹਨ।

Classification: Public

ਪਬਲਿਕ ਨਾਲ ਆਦਾਨ-ਪ੍ਰਦਾਨ ਐਲਬਰਟਾ ਦੀ ਹੁਣੇ ਹੁਣੇ ਜਾਰੀ ਕੀਤੀ ਗਈ ਐਂਟੀ-ਰੇਸਿਜ਼ਮ ਐਕਸ਼ਨ ਪਲੈਨ ਉਪਰ ਆਧਾਰਿਤ ਹੋਵੇਗਾ। ਅਰਥਪੂਰਣ ਕਾਰਵਾਈ ਵਾਸਤੇ ਇਕ ਰੋਡਮੈਪ ਵਜੋਂ, ਇਹ ਯੋਜਨਾਂ ਸਰਕਾਰ ਦੀ ਵਿਭਿੰਨਤਾ, ਸਰਕਾਰ ਦੇ ਪ੍ਰੋਗਰਾਮਾਂ ਤੱਕ ਪਹੁੰਚ ਕਰਨ ਵਿਚ ਆਉਂਦੀਆਂ ਸਿਸਟਮੀ ਰੁਕਾਵਟਾਂ ਨੂੰ ਹਟਾਉਣ ਅਤੇ ਐਲਬਰਟਾ ਨਿਵਾਸੀਆਂ ਨੂੰ ਜਾਣਕਾਰੀ ਅਤੇ ਸੇਵਾਵਾਂ ਤੱਕ ਬਰਾਬਰ ਦੀ ਪਹੁੰਚ ਹਾਸਲ ਕਰਾਉਣ ਨੂੰ ਯਕੀਨੀ ਬਣਾਉਣ ਵਾਸਤੇ ਸਰਕਾਰ ਦੀ ਪ੍ਰਤਿਬਧਤਾ ਦੀ ਰੂਪਰੇਖਾ ਪੇਸ਼ ਕਰਦੀ ਹੈ। ਐਲਬਰਟਾ ਦੀ ਐਂਟੀ-ਰੇਸਿਜ਼ਮ ਐਡਵਾਇਜ਼ਰੀ ਕੌਂਸਲ ਨੇ ਇਸ ਕੰਮ ਵਿਚ ਇਕ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

## ਲੋਕਲ ਸੈਸ਼ਨ ਆਯੋਜਤ ਕਰਨ ਲਈ ਗਰਾਂਟ ਵਾਸਤੇ ਅਰਜ਼ੀ ਦਿਉ

ਐਲਬਰਟਾ ਨਿਵਾਸੀਆਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਦੇ ਹੋਰ ਵਧੇਰੇ ਮੌਕੇ ਪ੍ਰਦਾਨ ਕਰਨ ਵਾਸਤੇ ਨਸਲੀ, ਧਾਰਮਿਕ, ਸੱਭਿਆਚਾਰਕ ਅਤੇ ਕਮਿਊਨਿਟੀ ਸੰਸਥਾਵਾਂ, ਅਤੇ ਫਸਟ ਨੇਸ਼ਨਜ਼ ਤੇ ਮੈਟਿਸ ਸੈਟਲਮੈਂਟਾਂ ਲਈ ਨਸਲਵਾਦ ਵਿਰੋਧੀ ਇੰਨ-ਪਰਸਨ ਆਦਾਨ-ਪ੍ਰਦਾਨ ਸੈਸ਼ਨ ਆਯੋਜਿਤ ਕਰਨ ਵਾਸਤੇ ਫੰਡਿੰਗ ਉਪਲਬਧ ਹੈ। 2,500 ਡਾਲਰ ਤੱਕ ਦੀਆਂ 40 ਤੱਕ ਗਰਾਂਟਾਂ ਉਪਲਬਧ ਹੋਣਗੀਆਂ ਅਤੇ ਸੰਸਥਾਵਾਂ ਕੋਲ ਅਰਜ਼ੀ ਦੇਣ ਦਾ 21 ਅਕਤੂਬਰ ਤੱਕ ਦਾ ਸਮਾਂ ਹੈ।

ਸੰਸਥਾਵਾਂ ਨੂੰ ਜ਼ਰੂਰੀ ਤੌਰ 'ਤੇ 16 ਦਸੰਬਰ ਤੱਕ ਸੈਸ਼ਨ ਆਯੋਜਤ ਕਰਨਾਂ ਹੋਵੇਗਾ ਅਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਸਹਾਇਕ ਸਮੱਗਰੀ ਪ੍ਰਾਪਤ ਹੋਵੇਗੀ। ਵੱਡੀਆਂ ਅਤੇ ਛੋਟੀਆਂ ਐਲਬਰਟਾ ਭਰ ਦੀਆਂ ਸੰਸਥਾਵਾਂ ਨੂੰ ਅਰਜ਼ੀ ਦੇਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਤਾਂ ਜੋ ਵਿਭਿੰਨ ਪ੍ਰਕਾਰ ਦੀ ਗਿਣਤੀ ਦੇ ਐਲਬਰਟਾ ਨਿਵਾਸੀਆਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਹਾਸਲ ਹੋ ਸਕੇ। ਵਧੇਰੇ ਜਾਣਕਾਰੀ alberta.ca 'ਤੇ ਉਪਲਬਧ ਹੈ।

## ਮੂਲਵਾਸੀ ਲੋਕਾਂ ਨਾਲ ਆਦਾਨ-ਪ੍ਰਦਾਨ

ਐਲਬਰਟਾ ਸਰਕਾਰ ਮੂਲਵਾਸੀ ਲੋਕਾਂ ਨਾਲ ਟਰੁੱਥ ਐਂਡ ਰੀਕਾਂਸਿਲੀਏਸ਼ਨ ਵਾਸਤੇ ਪ੍ਰਤਿਬਧ ਹੈ। ਸੁਲਹ-ਸਫਾਈ ਦੇ ਭਾਗੀਦਾਰਾਂ ਵਜੋਂ, ਅਸੀਂ ਅਗਾਂਹ ਚੰਗੇਰੇ ਭਵਿੱਖ ਵਾਸਤੇ ਉੱਤਮ ਪ੍ਰਕਾਰ ਦੇ ਢੰਗ ਤਰੀਕੇ ਮਿਥਣ ਲਈ ਐਲਬਰਟਾ 'ਚ ਮੂਲਵਾਸੀ ਲੋਕਾਂ ਨੂੰ ਸੁਣ ਰਹੇ ਅਤੇ ਉਨ੍ਹਾਂ ਨਾਲ ਰਲ਼ ਕੇ ਕੰਮ ਕਰ ਰਹੇ ਹਾਂ।

ਇਹ ਯਕੀਨੀ ਬਣਾਉਣ ਲਈ ਕਿ ਨਸਲਵਾਦ ਦੇ ਵਿਰੋਧ 'ਚ ਮੂਲਵਾਸੀ ਲੋਕਾਂ ਦੇ ਦ੍ਰਿਸ਼ਟੀਕੋਣ ਨੂੰ ਸ਼ਾਮਲ ਕੀਤਾ ਜਾਵੇ, ਸਰਕਾਰ ਟਰੀਟੀ 6, ਟਰੀਟੀ 7, ਅਤੇ ਟਰੀਟੀ 8 'ਚ ਚੀਫਾਂ ਨੂੰ ਮਿਲਣ ਵਾਸਤੇ ਅਤੇ ਨਾਲ ਦੀ ਨਾਲ ਮੈਟਿਸ ਸੈਟਲਮੈਂਟਾਂ, ਮੈਟਿਸ ਨੇਸ਼ਨ ਆਫ ਐਲਬਰਟਾ ਅਤੇ ਐਲਬਰਟਾ ਮੈਟਿਸ ਫੈਡਰੇਸ਼ਨ ਦੀ ਲੀਡਰਸ਼ਿੱਪ ਨੂੰ ਮਿਲਣ ਵਾਸਤੇ ਸੱਦੇ ਭੇਜੇਗੀ। ਮੂਲਵਾਸੀ ਲੋਕਾਂ ਨੂੰ ਵੀ ਆਨਲਾਈਨ ਸਰਵੇਖਣ ਭਰਨ ਵਾਸਤੇ ਸੱਦਾ ਦਿੱਤਾ ਗਿਆ ਹੈ, ਅਤੇ ਫਸਟ ਨੇਸ਼ਨਜ਼ ਅਤੇ ਮੈਟਿਸ ਸੈਟਲਮੈਂਟਾਂ ਅਤੇ ਨੇਟਿਵ ਫਰੈਂਡਸ਼ਿੱਪ ਸੈਂਟਰ ਕਮਿਊਨਿਟੀ ਸੈਸ਼ਨ ਆਯੋਜਿਤ ਕਰਨ ਲਈ ਗਰਾਂਟਾਂ ਵਾਸਤੇ ਅਰਜ਼ੀ ਦੇਣ ਲਈ ਯੋਗ ਹਨ।

## ਹੋਰ ਸਟੇਕ ਹੋਲਡਰ ਸੈਸ਼ਨ

ਹੋਰ ਵਧੇਰੇ ਡੂੰਘਾਈ ਵਾਲੀ ਫੀਡਬੈਕ ਇਕੱਠੀ ਕਰਨ ਲਈ ਕੁਝ ਲੋਕਾਂ ਅਤੇ ਸੰਸਥਾਵਾਂ ਨੂੰ ਐਸੋਸੀਏਟ ਮਿਨਿਸਟਰ ਆਫ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ ਨਾਲ ਵਧੀਕ ਇੰਨ-ਪਰਸਨ ਸੈਸ਼ਨਾਂ 'ਚ ਸ਼ਾਮਲ ਹੋਣ ਲਈ ਸੱਦਾ

ਦਿੱਤਾ ਜਾਵੇਗਾ। ਇਹ ਸੈਸ਼ਨ ਐਡਮਿੰਟਨ, ਕੈਲਗਰੀ, ਰੈੱਡ ਡੀਅਰ, ਲੈੱਥਬਰਿੱਜ, ਮੈਡੀਸਨ ਹੈਟ, ਫੋਰਟ ਮੈਕਮਰੀ, ਗਰੈਂਡ ਪਰੇਰੀ ਅਤੇ ਬਰੁੱਕਸ ਵਿਚ ਹੋਣਗੇ।

# ਫੌਰੀ ਤੱਥ

- ਮਰਦਮਸ਼ੁਮਾਰੀ ਦੇ ਸਭ ਤੋਂ ਤਾਜ਼ਾ ਉਪਲਬਧ ਅੰਕੜੇ ਅਨੁਸਾਰ ਐਲਬਰਟਾ ਦੇ 3,978,145 ਲੋਕਾਂ ਵਿਚੋਂ 21.2 ਪ੍ਰਤਿਸ਼ਤ (845,220) ਇੰਮੀਗਰੈਂਟ ਹਨ, 23 ਪ੍ਰਤਿਸ਼ਤ (933,165) ਪ੍ਰਤੱਖ ਘੱਟ ਗਿਣਤੀਆਂ ਦੇ ਲੋਕ ਹਨ, ਅਤੇ 6.5 ਪ੍ਰਤਿਸ਼ਤ (258,640) ਮੂਲਵਾਸੀ ਹਨ।
- ਇੰਨ-ਪਰਸਨ ਸੈਸ਼ਨਾਂ ਅਤੇ ਆਨਲਾਈਨ ਸਰਵੇਖਣ ਦੋਹਾਂ ਦੇ ਹੀ ਵਿਸ਼ਿਆਂ 'ਚ ਸ਼ਾਮਲ ਹੈ ਕਿ ਸਰਕਾਰ ਨੂੰ ਨਸਲਵਾਦ ਨਾਲ ਨਿਪਟਣ ਲਈ ਕੀ ਕਾਰਵਾਈਆਂ ਕਰਨੀਆਂ ਚਾਹੀਦੀਆਂ ਹਨ ਅਤੇ ਕਿਵੇਂ ਸਰਕਾਰ ਨਸਲਵਾਦ-ਵਿਰੋਧੀ ਉੱਦਮਾਂ 'ਚ ਕਮਿਊਨਿਟੀਆਂ ਅਤੇ ਐਲਬਰਟਾ ਨਿਵਾਸੀਆਂ ਨਾਲ ਆਦਾਨ-ਪ੍ਰਦਾਨ ਨੂੰ ਜਾਰੀ ਰੱਖ ਸਕਦੀ ਹੈ। ਆਨਲਾਈਨ ਸਰਵੇਖਣ 'ਚ ਨਸਲ-ਆਧਾਰਿਤ ਡੈਟਾ ਇਕੱਠਾ ਕਰਨ ਬਾਰੇ ਵੀ ਸਵਾਲ ਸ਼ਾਮਲ ਹਨ।
- ਐਲਬਰਟਾ ਦੀ ਸਰਕਾਰ ਨੇ ਨਸਲਵਾਦ ਵਿਰੋਧੀ ਕਈ ਸਾਰੀਆਂ ਪਹਿਲਕਦਮੀਆਂ 'ਤੇ ਕੰਮ ਸ਼ੁਰੂ ਕੀਤਾ ਹੈ, ਜਿੰਨ੍ਹਾਂ 'ਚ ਸ਼ਾਮਲ  ਹਨ:
    - ਨਫਰਤੀ ਜ਼ੁਰਮਾਂ ਬਾਰੇ ਸੰਪਰਕ ਅਤੇ ਹੇਟ ਕ੍ਰਾਈਮਜ਼ ਕੋਆਰਡੀਨੇਸ਼ਨ ਯੂਨਿਟ ਦੀ ਸਥਾਪਨਾਂ ਕਰਨਾਂ।
    - ਪੁਲਿਸ ਐਕਟ ਦੇ ਤਹਿਤ ਔਪਚਾਰਿਕ ਤੌਰ 'ਤੇ ਫਸਟ ਨੇਸ਼ਨਜ਼ ਪੁਲਿਸ ਸੇਵਾ ਨੂੰ ਮਾਨਤਾ ਦੇਣਾ।
    - ਕਾਰਡਿੰਗ (ਪੁਲਿਸ ਦੁਆਰਾ ਭਵਿੱਖ 'ਚ ਵਰਤੋਂ ਵਾਸਤੇ ਨਿੱਜੀ ਜਾਣਕਾਰੀ ਰਿਕਾਰਡ ਕਰਨਾਂ) 'ਤੇ ਰੋਕ ਲਾਉਣਾ।
    - ਐਲਬਰਟਾ ਸਕਿਉਰਿਟੀ ਇੰਨਫਰਾਸਟ੍ਰੱਕਚਰ ਪ੍ਰੋਗਰਾਮ ਸ਼ੁਰੂ ਕਰਨਾਂ।
    - *Fair Registrations Practices Act* ਬਣਾਉਣਾ ਅਤੇ ਨਵੇਂ ਐਲਬਰਟਾ ਨਿਵਾਸੀਆਂ ਨੂੰ ਆਪਣੀਆਂ ਯੋਗਤਾਵਾਂ ਨੂੰ ਮਾਨਤਾ ਦਿਵਾਉਣ 'ਚ ਮਦਦ ਕਰਨ ਵਾਸਤੇ ਫੇਅਰਨੈੱਸ ਫਾਰ ਨਿਊਕਮਰਜ਼ ਆਫਿਸ ਦੀ ਸਿਰਜਣਾ ਕਰਨਾਂ।
    - ਸਰਕਾਰ ਵਾਸਤੇ ਇਕ ਸੰਮਿਲਤ ਸੰਚਾਰ ਪਾਲਿਸੀ ਤਿਆਰ ਕਰਨਾਂ।

# ਸਬੰਧਤ ਜਾਣਕਾਰੀ

- ਐਂਟੀ-ਰੇਸਿਜ਼ਮ ਐਂਗੇਜਮੈਂਟ
- ਨਸਲਵਾਦ ਵਿਰੁੱਧ ਕਾਰਵਾਈ ਕਰਨਾਂ
- ਗਰਾਂਟ ਅਰਜ਼ੀ ਦਾ ਸਫ਼ਾ
- ਐਲਬਰਟਾ ਦੀ ਐਂਟੀ-ਰੇਸਿਜ਼ਮ ਐਕਸ਼ਨ ਪਲੈਨ